ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਕਮਰਾ ਨੰ:715, ਸੱਤਵੀਂ ਮੰਜ਼ਿਲ,
ਮਿੰਨੀ ਸਕੱਤਰੇਤ, ਪੰਜਾਬ, ਸੈਕਟਰ 9, ਚੰਡੀਗੜ੍ਹ)

ਸੇਵਾ ਵਿਖੇ

ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰ।

ਯਾਦ ਪੱਤਰ ਨੰ: 5/85/02-ਰਰ4/ 12579
ਮਿਤੀ, ਚੰਡੀਗੜ੍ਹ 2 ਸਤੰਬਰ, 2002

ਵਿਸ਼ਾ: ਅੱਤਵਾਦ ਦੌਰਾਨ ਮਾਰੇ ਗਏ ਪੰਜਾਬ ਹੋਮ ਗਾਰਡ ਵਾਲੰਟੀਅਰਜ਼ ਦੇ ਆਸ਼ਰਿਤ ਮੈਂਬਰਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀ ਦੇਣ ਬਾਰੇ।

.....

ਡਾਇਰੈਕਟਰ ਜਨਰਲ ਪੁਲਿਸ - ਕਮ - ਕਮਾਂਡੈਂਟ ਜਨਰਲ, ਪੰਜਾਬ ਹੋਮ ਗਾਰਡਜ਼, ਅਤੇ ਡਾਇਰੈਕਟਰ ਸਿਵਲ ਡਿਫੈਂਸ, ਪੰਜਾਬ, ਚੰਡੀਗੜ੍ਹ, ਨੇ ਸੂਚਿਤ ਕੀਤਾ ਹੈ ਕਿ ਅੱਤਵਾਦ ਦੌਰਾਨ ਜਿਹੜੇ ਪੰਜਾਬ ਹੋਮ ਗਾਰਡ ਵਲੰਟੀਅਰ ਮਾਰੇ ਗਏ ਸਨ, ਉਨ੍ਹਾਂ ਦੇ ਆਸ਼ਰਿਤ ਮੈਂਬਰਾਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਪਹਿਲ ਦੇ ਆਧਾਰ ਤੇ ਨੌਕਰੀ ਦੇਣ ਦੇ ਕੇਸ ਡਿਪਟੀ ਕਮਿਸ਼ਨਰਾਂ ਕੋਲ ਪੈਂਡਿੰਗ ਪਏ ਹਨ। ਉਨ੍ਹਾਂ ਸੂਚਿਤ ਕੀਤਾ ਹੈ ਕਿ ਪੰਜਾਬ ਹੋਮ ਗਾਰਡ ਵਲੰਟੀਅਰਾਂ ਨੂੰ ਆਮ ਲੋਕਾਂ ਦੀ ਤਰ੍ਹਾਂ ਹੀ ਸਹੂਲਤਾਂ ਮਿਲਣ ਯੋਗ ਹਨ, ਕਿਉਂਕਿ ਉਹ ਸਰਕਾਰੀ ਕਰਮਚਾਰੀ ਨਹੀਂ ਹੁੰਦੇ। ਉਨ੍ਹਾਂ ਇਹ ਵੀ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੇ ਵਿਭਾਗ ਵਿਚ ਗਰੁੱਪ ਸੀ ਅਤੇ ਗਰੁੱਪ ਡੀ ਦੀਆਂ ਕਾਫੀ ਆਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ ਵਿਰੁੱਧ ਸਬੰਧਤ ਪਰਿਵਾਰਾਂ ਦੇ ਆਸ਼ਰਿਤ ਮੈਂਬਰਾਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਪਹਿਲ ਦੇ ਆਧਾਰ ਤੇ ਨੌਕਰੀ ਦਿੱਤੀ ਜਾ ਸਕਦੀ ਹੈ।

2. ਇਸ ਸਥਿਤੀ ਵਿੱਚ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੋਮ ਗਾਰਡ ਵਲੰਟੀਅਰਾਂ ਦੇ ਆਸ਼ਰਿਤ ਮੈਂਬਰਾਂ ਦੇ ਪਹਿਲ ਦੇ ਆਧਾਰ ਤੇ ਨੌਕਰੀ ਦੇ ਕੇਸ, ਜੋ ਵੀ ਆਪ ਕੋਲ ਪੈਂਡਿੰਗ ਹੋਣ, ਉਨ੍ਹਾਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਵਿਚਾਰਨ ਉਪਰੰਤ ਛੇਤੀ ਇਸ ਵਿਭਾਗ ਨੂੰ ਘੱਲਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਬਿਨੈਕਾਰਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਪਹਿਲ ਦੇ ਆਧਾਰ ਤੇ ਨੌਕਰੀ ਦੇਣ ਬਾਰੇ ਕਾਰਵਾਈ ਕੀਤੀ ਜਾ ਸਕੇ।

(signature) 1/9/2002

ਡਾਇਰੈਕਟਰ ਅਤੇ ਵਧੀਕ ਸਕੱਤਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਪਿੱਠ ਅੰਕਣ ਨੰ: 5/85/02-ਰਰ4/ 12580 ਮਿਤੀ, ਚੰਡੀਗੜ੍ਹ 2 ਸਤੰਬਰ, 2002

ਉਤਾਰਾ ਡਾਇਰੈਕਟਰ ਜਨਰਲ ਪੁਲਿਸ - ਕਮ - ਕਮਾਂਡੈਂਟ ਜਨਰਲ, ਪੰਜਾਬ ਹੋਮ ਗਾਰਡਜ਼, ਅਤੇ ਡਾਇਰੈਕਟਰ ਸਿਵਲ ਡਿਫੈਂਸ, ਪੰਜਾਬ, ਚੰਡੀਗੜ੍ਹ, ਨੂੰ ਉਨ੍ਹਾਂ ਦੇ ਪੱਤਰ ਨੰ: ਪੀ.ਐਚ.ਜੀ 02/ਈ5ਏ/19696, ਮਿਤੀ 28.8.2002 ਦੇ ਹਵਾਲੇ ਵਿੱਚ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਹੋਮ ਗਾਰਡ ਵਲੰਟੀਅਰਾਂ ਦੇ ਅੱਤਵਾਦ ਹਿੰਸਾ ਦੌਰਾਨ ਮਾਰੇ ਜਾਣ ਉਪਰੰਤ ਜਿਹੜੇ ਵੀ ਪਹਿਲ ਦੇ ਆਧਾਰ ਤੇ ਨੌਕਰੀ ਦੇ ਕੇਸ ਪੈਂਡਿੰਗ ਹੋਣ, ਉਨ੍ਹਾਂ ਬਾਰੇ ਸਬੰਧਤ ਡਿਪਟੀ ਕਮਿਸ਼ਨਰ (ਜਿਸ ਜ਼ਿਲ੍ਹੇ ਵਿਚ ਅੱਤਵਾਦ ਘਟਨਾ ਦਾ ਸਬੰਧਤ ਹੋਮ ਗਾਰਡ ਵਲੰਟੀਅਰ ਸ਼ਿਕਾਰ ਹੋਇਆ ਹੋਵੇ) ਨਾਲ ਸੰਪਰਕ ਕੀਤਾ ਜਾਵੇ।

(signature)